# शिव शंकर नचदे

बई डम डम शिवा दा डमरू वजदा,
वजदा बड़ा कमाल, जी शिव शंकर नचदे,
गौरा माँ दे नाल जी शिव शंकर नचदे।

भंग दा प्याला पीता भोले, मस्ती दे विच आये,
गल विच काले नाग शुकदे पैरी घुंगरू पाए,
डमरू वजया ते घुंगरू छनके, बड़ी प्यारी ताल,
बड़ी प्यारी ताल जी शिव शंकर नचदे,
गौरा माँ दे नाल जी शिव शंकर नचदे।

जहर प्याला पीता भोले ऐडा रूप बनाया,
तांडव नाच सी नचदे भोले, डमरू खूब बजाया,
अमृत जल दे गढ़वे वाला, किता हल सवाल,
किता हल सवाल जी शिव शंकर नचदे,
गौरा माँ दे नाल जी शिव शंकर नचदे।

कैलाशपूरी शिव शंकर नचदे, सब नू खबरा होईया,
अंबरा दे विच चन तारे भी खेडन लुकन मिचाईयाँ,
नाल भोले दे झुमन लग पये, धरती अंबर पाताल,
धरती अंबर पाताल जी शिव शंकर नचदे,
गौरा माँ दे नाल जी शिव शंकर नचदे।

बड़े प्यारे लगदे भोले माँ गौरा नाल नचदे,
अमृत जल दी वरखा होवे चरण जिथे भी रखदे,
सैने वाले मखन उत्ते, भोले होये दयाल,
भोले होये दयाल जी शिव शंकर नचदे,
गौरा माँ दे नाल जी शिव शंकर नचदे।

**ਬਈ ਡੰਮ ਡੰਮ*, ਸ਼ਿਵਾ ਦਾ ਡੰਮਰੂ ਵੱਜਦਾ ॥**
**ਵੱਜਦਾ ਬੜਾ ਕਮਾਲ ॥, ਜੀ ਸ਼ਿਵ ਸ਼ੰਕਰ ਨੱਚਦੇ,**
**ਗੌਰਾਂ ਮਾਂ ਦੇ ਨਾਲ, ਜੀ ਸ਼ਿਵ ਸ਼ੰਕਰ ਨੱਚਦੇ ॥**

**ਭੰਗ ਦਾ ਪਿਆਲਾ, ਪੀਤਾ ਭੋਲੇ, "ਮਸਤੀ ਦੇ ਵਿੱਚ ਆਏ" ।**
**ਗਲ਼ ਵਿੱਚ ਕਾਲੇ, ਨਾਗ਼ ਛੂੰਕਦੇ, "ਪੈਰੀਂ ਘੁੰਘਰੂ ਪਾਏ" ॥**
**ਡੰਮਰੂ ਵੱਜਿਆ, ਤੇ ਘੁੰਘਰੂ ਛਣਕੇ ॥, ਬੜੀ ਪਿਆਰੀ ਤਾਲ,**
**ਬੜੀ ਪਿਆਰੀ ਤਾਲ, ਜੀ ਸ਼ਿਵ ਸ਼ੰਕਰ ਨੱਚਦੇ,,,**
**ਗੌਰਾਂ ਮਾਂ ਦੇ ਨਾਲ, ਜੀ ਸ਼ਿਵ ਸ਼ੰਕਰ ਨੱਚਦੇ ॥**

**ਜ਼ਹਿਰ ਪਿਆਲਾ, ਪੀਤਾ ਭੋਲੇ, "ਐਡਾ ਰੂਪ ਬਣਾਇਆ" ।**
**ਤਾਂਡਵ ਨਾਚ ਸੀ, ਨੱਚਦੇ ਭੋਲੇ, "ਡੰਮਰੂ ਖ਼ੂਬ ਵਜਾਇਆ" ॥**

ਅੰਮ੍ਰਿਤ ਜਲ ਦੇ, ਗੜਵੇ ਵਾਲਾ ॥, ਕੀਤਾ ਹੱਲ ਸਵਾਲ,
ਕੀਤਾ ਹੱਲ ਸਵਾਲ, ਜੀ ਸ਼ਿਵ ਸ਼ੰਕਰ ਨੱਚਦੇ,,,
ਗੌਰਾਂ ਮਾਂ ਦੇ ਨਾਲ, ਜੀ ਸ਼ਿਵ ਸ਼ੰਕਰ ਨੱਚਦੇ ॥

ਕੈਲਾਸ਼ਪੁਰੀ ਸ਼ਿਵ, ਸ਼ੰਕਰ ਨੱਚਦੇ, "ਸਭ ਨੂੰ ਖ਼ਬਰਾਂ ਹੋਈਆਂ" ।
ਅੰਬਰਾਂ ਦੇ ਵਿੱਚ, ਚੰਨ ਤਾਰੇ ਵੀ, "ਖੇਡਣ ਲੁੱਕਣ ਮਿਚਾਈਆਂ" ॥
ਨਾਲ ਭੋਲੇ ਦੇ, ਝੂਮਣ ਲੱਗ ਪਏ ॥, ਧਰਤੀ ਅੰਬਰ ਪਾਤਾਲ,
ਧਰਤੀ ਅੰਬਰ ਪਾਤਾਲ, ਜੀ ਸ਼ਿਵ ਸ਼ੰਕਰ ਨੱਚਦੇ,,,
ਗੌਰਾਂ ਮਾਂ ਦੇ ਨਾਲ, ਜੀ ਸ਼ਿਵ ਸ਼ੰਕਰ ਨੱਚਦੇ ॥

ਬੜੇ ਪਿਆਰੇ, ਲੱਗਦੇ ਭੋਲੇ, "ਮਾਂ ਗੌਰਾਂ ਨਾਲ ਨੱਚਦੇ" ।
ਅੰਮ੍ਰਿਤ ਜਲ ਦੀ, ਵਰਖ਼ਾ ਹੋਵੇ, "ਚਰਨ ਜਿੱਥੇ ਵੀ ਰੱਖਦੇ" ॥
ਸੈਣੇ ਵਾਲੇ, ਮੱਖਣ ਉੱਤੇ ॥, ਭੋਲੇ ਹੋਏ ਦਿਆਲ,
ਭੋਲੇ ਹੋਏ ਦਿਆਲ, ਜੀ ਸ਼ਿਵ ਸ਼ੰਕਰ ਨੱਚਦੇ,,,
ਗੌਰਾਂ ਮਾਂ ਦੇ ਨਾਲ, ਜੀ ਸ਼ਿਵ ਸ਼ੰਕਰ ਨੱਚਦੇ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/29646/title/shiv-shankar-nachde

अपने Android मोबाइल पर BhajanGanga App डाउनलोड करें और भजनों का आनंद ले |